a2zpapers.com

**Exam. Code : 103206**
**Subject Code : 1166**

**B.A./B.Sc. 6th Semester**

**PUNJABI COMPULSORY**

Time Allowed—3 Hours] [Maximum Marks—50

1. 'ਆਪੁ ਨੂੰ ਪਛਾਣ ਬੰਦੇ' ਕਾਫੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

**ਜਾਂ**

2. 'ਵਡੇ ਵਡੇ ਜੋ ਦੀਸਹਿ ਲੋਗ' ਸ਼ਬਦ ਵਿਚ ਮਾਇਆ ਪ੍ਰਤੀ ਦਿੱਤੇ ਵਿਚਾਰਾਂ ਹਿਤ ਮਾਇਆ ਦੇ ਮਾਰੂ ਪ੍ਰਭਾਵ ਨੂੰ ਕਿਵੇਂ ਪ੍ਰਗਟਾਇਆ ਗਿਆ ਹੈ ? 10

3. 'ਧਰਤੀਆਂ ਦੇ ਗੀਤ' ਸਫਰਨਾਮੇ ਦੀ ਸਫਰਨਾਮੇ ਦੇ ਤੌਰ ਤੇ ਪਰਖ ਕਰੋ।

**ਜਾਂ**

4. "ਧਰਤੀਆਂ ਦੇ ਗੀਤ ਜਿਵੇਂ ਕਿ ਨਾਂ ਤੋਂ ਹੀ ਜ਼ਾਹਰ ਹੈ, ਕਿਸੇ ਇਕ ਧਰਤ ਜਾਂ ਦੇਸ਼ ਦਾ ਸਫਰਨਾਮਾ ਨਹੀਂ, ਵੱਖ-ਵੱਖ ਧਰਤੀਆਂ ਦੀ ਧੜਕਣ ਵਿਚੋਂ ਪੜ੍ਹੇ/ਸੁਣੇ ਗੀਤ ਹਨ।" ਉਪਰੋਕਤ ਕਥਨ ਦੀ ਰੋਸ਼ਨੀ ਵਿਚ ਧਰਤੀਆਂ ਦੇ ਗੀਤ ਸਫਰਨਾਮੇ ਤੇ ਨੋਟ ਲਿਖੋ। 10

5. ਕਿਸੇ **ਇਕ** ਵਿਸ਼ੇ ਤੇ ਲੇਖ ਰਚਨਾ ਕਰੋ :
   ਪੰਜਾਬੀ ਲੋਕ-ਗੀਤ
   ਵਿਦਿਆਰਥੀ ਅਤੇ ਖੇਡਾਂ
   ਕਿੱਤਾ-ਮੁਖੀ ਸਿਖਿਆ ਦੀ ਲੋੜ। 5

6. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ :
   ਫੁਲਕਾਰੀ ਸ਼ਬਦ ਫੁਲ ਅਤੇ ਕਾਰੀ ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਫੁੱਲਾਂ ਦਾ ਕਸਬ। ਅਰਥਾਤ ਫੁਲ ਪਾਉਣਾ, ਕੱਢਣਾ ਜਾਂ ਫੁੱਲਾਂ ਵਾਂਗ ਸਜਾਉਣਾ। ਕੱਢੇ ਹੋਏ ਕਪੜੇ ਲਈ ਫੁਲਕਾਰੀ ਸ਼ਬਦ ਰੂੜ ਹੋ ਚੁਕਿਆ ਹੈ। ਫੁਲਕਾਰੀ ਦਾ ਹੁਨਰ ਸਚਮੁੱਚ ਫੁੱਲਾਂ ਵਿਚ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਵਿਚਰਨਾ ਹੈ। ਵੇਲ, ਬੂਟੇ, ਬੂਟੀਆਂ ਛੋਟੇ ਵੱਡੇ ਫੁੱਲ ਫੁਲਕਾਰੀ ਦੀ ਜਿੰਦ ਜਾਨ ਬਣਦੇ ਹਨ। ਕਢਾਈ ਦੇ ਅਧਾਰ ਤੇ ਹੀ ਫੁਲਕਾਰੀ ਦੇ ਵੰਨ ਸੁਵੰਨੇ ਰੂਪ ਹੋਂਦ ਵਿਚ ਆਏ ਹਨ। ਫੁਲਕਾਰੀ ਦਾ ਜਨਮ ਕਦੋਂ ਅਤੇ ਕਿਵੇਂ ਹੋਇਆ ? ਜਾਂ ਇਹ ਪਹਿਲਾਂ ਕਿੱਥੇ ਪ੍ਰਚਲਿਤ ਹੋਈ ? ਇਹ ਸਵਾਲ ਵਧੇਰੇ ਮਹੱਤਵ ਨਹੀਂ ਰੱਖਦੇ। ਵਧੇਰੇ ਮਹੱਤਵ ਇਸ ਗੱਲ ਦਾ ਹੈ ਕਿ 'ਫੁਲਕਾਰੀ' ਦੀ ਕਢਾਈ ਪੰਜਾਬੀ ਲੋਕ-ਜੀਵਨ ਦੇ ਅਨੇਕਾਂ ਪੱਖਾਂ ਦੀ ਤਰਜਮਾਨੀ ਕਰਦੀ ਹੈ। ਇਹ ਪੰਜਾਬੀ ਮੁਟਿਆਰ ਵਾਂਗ ਅਨੇਕਾਂ ਗੁਣ ਲੱਛਣਾਂ ਦੀ ਧਾਰਨੀ ਹੈ, ਪੰਜਾਬ ਦੀ ਧਰਤੀ ਉਤੇ ਜਿਸ ਕਿਸਮ ਦਾ ਵਿਕਾਸ ਫੁਲਕਾਰੀ ਦੀ ਕਲਾ ਦਾ ਹੋਇਆ ਹੈ, ਹੋਰ ਕਿਸੇ ਕਲਾ ਰੂਪ ਦਾ ਨਹੀਂ ਹੋਇਆ। 5

7. ਪੰਜਾਬੀ ਦੀ ਕਾਰਕ ਪ੍ਰਣਾਲੀ ਤੇ ਨੋਟ ਲਿਖੋ।

**ਜਾਂ**

8. ਪੰਜਾਬੀ ਸ੍ਵਰਾਂ ਦਾ ਵਰਗੀਕਰਨ ਕਰੋ। 10

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

   (ੳ) ਰਾਂਝੇ ਅੱਗੇ ਹੀਰ ਨੇ ਕਿਵੇਂ ਕਸਮ ਖਾਧੀ, ਆਪਣੇ ਸ਼ਬਦਾਂ ਵਿਚ ਲਿਖੋ।

   (ਅ) 'ਜੰਗ ਹਿੰਦ ਪੰਜਾਬ' ਤੋਂ ਕਵੀ ਦਾ ਕੀ ਭਾਵ ਹੈ ?

   (ੲ) ਫਰੀਦ ਜੀ ਦੇ ਸ਼ਲੋਕ 'ਅਕਲਿ ਲਤੀਫੁ' ਅਨੁਸਾਰ ਅਕਲਿ ਲਤੀਫ਼ ਮਨੁੱਖ ਕੌਣ ਹੁੰਦਾ ਹੈ ?

   (ਸ) 'ਧਰਤੀਆਂ ਦੇ ਗੀਤ' ਸਫਰਨਾਮੇ ਵਿਚ ਹਾਂਗਕਾਂਗ ਨੂੰ ਬਸਤੀਵਾਦੀਆਂ ਦੀ ਆਖਰੀ ਨਿਸ਼ਾਨੀ ਕਿਉਂ ਕਿਹਾ ਗਿਆ ਹੈ ?

   (ਹ) ਮਲੇਸ਼ੀਆ ਬ੍ਰਿਟਿਸ਼ ਸਾਮਰਾਜ ਤੋਂ ਕਦੋਂ ਆਜ਼ਾਦ ਹੋਇਆ ?

$5 \times 2 = 10$



www.a2zpapers.com
www.a2zpapers.com www.a2zpapers.com
ad free old Question papers gndu, ptu hp board, punjab